# ਬਿਲੀਵਰਸ ਈਸਟਰਨ ਚਰਚ

ਆਫ਼ਿਸ ਆਫ਼ ਮੈਟਰੋਪੋਲੀਟਨ, ਸਿਨੋਡ ਸਕੱਤਰੇਤ, ਸੰਤ ਥਾਮਸ ਕਮਿਊਨਿਟੀ, ਤਿਰੁਵੱਲਾ, ਕੇਰਲ, ਭਾਰਤ।

## ਚਰਵਾਹੇ ਦਾ ਪੱਤਰ

ਜੁਲਾਈ / ਅਗਸਤ 2023

ਸਾਰੇ ਆਰਚਬਿਸ਼ਪਾਂ ਅਤੇ ਬਿਸ਼ਪਾਂ, ਯਾਜਕਾਂ ਅਤੇ ਡੀਕਨ ਫਾਦਰਾਂ, ਇਵੈਂਜਲਿਸਟਾਂ, ਅਤੇ ਆਰਡਰ ਆਫ ਸਿਸਟਰਜ਼, ਅਤੇ ਸਾਰੇ ਬਿਲੀਵਰਸ ਈਸਟਰਨ ਚਰਚ ਦੇ ਵਿਸ਼ਵ-ਵਿਆਪੀ ਈਮਾਨਦਾਰਾਂ ਨੂੰ ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ। ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ 'ਤੇ, ਆਮੀਨ! +

ਮਸੀਹ ਵਿੱਚ ਪਿਆਰੇ ਅਜੀਜ਼ੋ,

ਅਸੀਂ ਯਿਸੂ ਦੇ ਰੂਪਾਂਤਰਨ ਦੇ ਸੀਜ਼ਨ ਵਿੱਚ ਦਾਖਲ ਹੋਣ ਜਾ ਰਹੇ ਹਾਂ, ਜਦੋਂ ਅਸੀਂ ਜਸ਼ਨ ਮਨਾਉਂਦੇ ਹਾਂ ਅਤੇ ਯਾਦ ਕਰਦੇ ਹਾਂ ਕਿ ਸਾਡੇ ਪ੍ਰਭੂ ਯਿਸੂ ਮਸੀਹ ਨੇ ਪਹਾੜ ਉੱਤੇ ਰੂਪਾਂਤਰਨ ਰਾਹੀਂ ਆਪਣੇ ਰੱਬੀ ਮਹਿਮਾਮਈ ਰੂਪ ਦੀ ਝਲਕ ਦਿੱਤੀ ਸੀ (ਮੱਤੀ 17:1-8)। ਇਹ ਤਿਉਹਾਰ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਾਡੇ ਆਰਥੋਡਾਕਸ ਮਸੀਹੀ ਜੀਵਨ ਦਾ ਟੀਚਾ ਵੱਧ ਤੋਂ ਵੱਧ ਪਰਮੇਸ਼ੁਰ ਦੇ ਈਸ਼ਵਰੀ ਸੁਭਾਅ ਵਿੱਚ ਬਦਲਣਾ ਹੈ (2 ਕੁਰਿੰ. 3:18)। ਇਸ ਪ੍ਰਕਿਰਿਆ ਨੂੰ ਆਮ ਤੌਰ ਪਰਮੇਸ਼ੁਰ ਵਰਗੇ ਬਣਨਾ ਅਤੇ 'ਥੀਓਸਿਸ' ਕਿਹਾ ਜਾਂਦਾ ਹੈ। ਪਰ ਅਸੀਂ ਇਸ ਨੂੰ ਕਿਵੇਂ ਪ੍ਰਾਪਤ ਕਰ ਸਕਦੇ ਹਾਂ?

### 1.ਯਿਸੂ ਸਾਨੂੰ ਮਾਪਣ ਵਾਲੀ ਸੋਟੀ ਹੋਣਾ ਚਾਹੀਦਾ ਹੈ।

ਮੁਢਲੇ ਵਿਸ਼ਵਾਸੀਆਂ ਨੂੰ ਇਸ ਕਰਕੇ ਈਸਾਈ ਕਿਹਾ ਜਾਂਦਾ ਸੀ ਕਿਉਂਕਿ ਉਹ ਮਸੀਹ ਵਰਗਾ ਜੀਵਨ ਜਿਉਂਦੇ ਸਨ (ਰਸੂਲਾਂ ਦੇ ਕਰਤੱਬ 11:26)। ਵਾਸਤਵ ਵਿੱਚ, ਸੰਤ ਇਗਨੇਸ਼ੀਅਸ, ਇੱਕ ਮੁਢਲੇ ਚਰਚ ਦੇ ਪਿਤਾ ਅਤੇ ਚਰਚ ਦੇ ਬਿਸ਼ਪ, ਨੇ ਆਪਣੇ ਆਪ ਨੂੰ ਪਰਮੇਸ਼ੁਰ ਨੂੰ ਧਾਰਨ ਕਰਨ ਵਾਲਾ ਕਿਹਾ! ਅੱਜ, ਜੇ ਸਾਡੇ ਆਲੇ ਦੁਆਲੇ ਦੇ ਲੋਕ ਸਾਨੂੰ ਧਿਆਨ ਨਾਲ ਵੇਖਣ, ਤਾਂ ਉਹ ਸਾਨੂੰ ਕੀ ਕਹਿੰਦੇ ਹਨ? ਕੀ ਉਹ ਸਾਨੂੰ ਚੁਗਲੀ ਕਰਨ ਵਾਲੇ, ਗਰਮ ਸੁਭਾਅ ਵਾਲੇ, ਪੈਸੇ ਦੇ ਪ੍ਰੇਮੀ, ਬਾਗ਼ੀ, ਹੰਕਾਰੀ, ਜਾਂ ਤਰਸ-ਰਹਿਤ ਕਹਿਣਗੇ? ਜਾਂ ਕੀ ਅਸੀਂ ਸੱਚਮੁੱਚ ਈਸਾਈ ਕਹਾਉਣ ਦੇ ਯੋਗ ਹੋਵਾਂਗੇ?

ਅਸੀਂ ਆਪਣੇ ਗੈਰ-ਮਸੀਹੀ ਰਵੱਈਏ ਅਤੇ ਵਿਵਹਾਰ ਲਈ ਬਹੁਤ ਸਾਰੇ ਬਹਾਨੇ ਬਣਾ ਸਕਦੇ ਹਾਂ, ਪਰ ਯਿਸੂ ਸਾਡੀ ਮਿਸਾਲ ਹੋਣੀ ਚਾਹੀਦੀ ਹੈ। ਸਾਡੀ ਸਭ ਤੋਂ ਡੂੰਘੀ ਇੱਛਾ ਹੋਣੀ ਚਾਹੀਦੀ ਹੈ, "ਪ੍ਰਭੂ ਯਿਸੂ, ਮੈਂ ਤੁਹਾਡੇ ਵਰਗਾ ਬਣਨਾ ਚਾਹੁੰਦਾ ਹਾਂ, ਤਾਂ ਜੋ ਮੈਂ ਤੁਹਾਡੇ ਨਾਮ ਦਾ ਆਦਰ ਕਰ ਸਕਾਂ।" ਇਸ ਦਾ ਮਤਲਬ ਹੈ ਕਿ ਅਸੀਂ ਹੁਣ ਆਪਣੀ ਸੰਸਕ੍ਰਿਤੀ, ਆਪਣੇ ਪਰਿਵਾਰਕ ਪਿਛੋਕੜ, ਸਾਡੀਆਂ ਪਿਛਲੀਆਂ ਅਸਫਲਤਾਵਾਂ ਅਤੇ ਹੋਰ ਲੋਕਾਂ ਦੀਆਂ ਮਾੜੀਆਂ ਉਦਾਹਰਣਾਂ ਨੂੰ ਸਾਡੇ ਮਾੜੇ ਬਣੇ ਰਹਿਣ ਦੇ ਬਹਾਨੇ ਦੇ ਤੌਰ 'ਤੇ ਨਹੀਂ ਵਰਤਾਂਗੇ। ਅਤੇ ਜਦੋਂ ਵੀ ਅਸੀਂ ਅਸਫਲ ਹੋ ਜਾਂਦੇ ਹਾਂ, ਸਾਨੂੰ ਯਿਸੂ ਪ੍ਰਾਰਥਨਾ ਕਰਨੀ ਚਾਹੀਦੀ ਹੈ, 'ਹੇ ਪ੍ਰਭੂ ਯਿਸੂ, ਪਰਮੇਸ਼ੁਰ ਦੇ ਪੁੱਤਰ, ਮੈਂ ਪਾਪੀ 'ਤੇ ਰਹਿਮ ਕਰੋ।

### 2. ਸਾਨੂੰ ਪਵਿੱਤਰ ਬਚਨ ਦੀ ਪਾਲਣਾ ਕਰਨ ਦਾ ਫੈਸਲਾ ਕਰਨਾ ਚਾਹੀਦਾ ਹੈ, ਲੋਕ ਭਾਵੇਂ ਜੋ ਮਰਜ਼ੀ ਕਰਦੇ ਰਹਿਣ।

ਯਿਸੂ ਨੇ ਕਿਹਾ, ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ, ਤਾਂ ਤੁਸੀਂ ਮੇਰੇ ਹੁਕਮਾਂ ਦੀ ਪਾਲਣਾ ਕਰੋਗੇ (ਸੰਤ ਯੂਹੰਨਾ 14:15)। ਇਸ ਲਈ, ਅਸੀਂ ਪਰਮੇਸ਼ੁਰ ਦੇ ਬਚਨ ਨੂੰ ਮੰਨ ਕੇ ਉਸ ਲਈ ਆਪਣਾ ਪਿਆਰ ਦਿਖਾਉਂਦੇ ਹਾਂ। ਜੇ ਦੂਸਰੇ ਗੱਪਾਂ ਮਾਰਦੇ ਹਨ, ਤਾਂ ਅਸੀਂ ਉਨ੍ਹਾਂ ਵਿੱਚ ਸ਼ਾਮਲ ਨਹੀਂ ਹੋਵਾਂਗੇ। ਜੇ ਉਹ ਅਧਿਕਾਰ ਦੇ ਅਧੀਨ ਨਹੀਂ ਹੁੰਦੇ ਜਾਂ ਆਲੋਚਨਾਤਮਕ ਭਾਵਨਾ ਦਾ ਪ੍ਰਦਰਸ਼ਨ ਕਰਦੇ ਹਨ, ਤਾਂ

ਸਾਡਾ ਇਸ ਵਿੱਚ ਕੋਈ ਹਿੱਸਾ ਨਹੀਂ ਹੋਵੇਗਾ। ਕਿਉਂ? ਕਿਉਂਕਿ ਅਸੀਂ ਪਰਮੇਸ਼ੁਰ ਦੀ ਇੱਛਾ ਪੂਰੀ ਕਰਨ ਲਈ ਚੁਣਦੇ ਹਾਂ ਜਿਵੇਂ ਕਿ ਉਸਦਾ ਬਚਨ ਸਾਨੂੰ ਨਿਰਦੇਸ਼ ਦਿੰਦਾ ਹੈ। ਅਸੀਂ ਰੋਜ਼ੇ ਰੱਖਦੇ ਹਾਂ, ਅਸੀਂ ਪ੍ਰਾਰਥਨਾ ਕਰਦੇ ਹਾਂ, ਅਤੇ ਅਸੀਂ ਦਾਨ ਦਿੰਦੇ ਹਾਂ, ਉਵੇਂ ਹੀ ਜਿਵੇਂ ਕਿ ਪਵਿੱਤਰ ਸ਼ਾਸਤਰ ਸਾਨੂੰ ਦੱਸਦੇ ਹਨ।

**3. ਮਾੜੀ ਸੰਗਤ ਨੂੰ ਖਤਮ ਕਰੋ।**

ਇੱਕ ਪੁਰਾਣੀ ਕਹਾਵਤ ਹੈ ਜੋ ਕਹਿੰਦੀ ਹੈ, "ਮੈਨੂੰ ਦੱਸੋ ਕਿ ਤੁਹਾਡੇ ਦੋਸਤ ਕੌਣ ਹਨ, ਅਤੇ ਮੈਂ ਤੁਹਾਨੂੰ ਦੱਸਾਂਗਾ ਕਿ ਤੁਸੀਂ ਕੌਣ ਹੋ।" ਅਸੀਂ ਸੋਚ ਸਕਦੇ ਹਾਂ ਕਿ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਸਾਡੇ ਨਜ਼ਦੀਕੀ ਦੋਸਤ ਕੌਣ ਹਨ ਜਾਂ ਅਸੀਂ ਕਿਸ ਨਾਲ ਸਮਾਂ ਬਿਤਾਉਂਦੇ ਹਾਂ। ਪਰ ਇਹ ਦੁਸ਼ਮਣ ਸ਼ੈਤਾਨ ਦੇ ਸਭ ਤੋਂ ਸ਼ਕਤੀਸ਼ਾਲੀ ਧੋਖਿਆਂ ਵਿੱਚੋਂ ਇੱਕ ਹੈ। ਉਨ੍ਹਾਂ ਲੋਕਾਂ ਦਾ ਨਕਾਰਾਤਮਕ ਰਵੱਈਆ, ਆਲੋਚਨਾਤਮਕ ਭਾਵਨਾ ਅਤੇ ਵਿਦਰੋਹੀ ਰਵੱਈਆ ਜਿਨ੍ਹਾਂ ਨਾਲ ਅਸੀਂ ਜੁੜਦੇ ਹਾਂ, ਸਾਨੂੰ ਹੌਲੀ-ਹੌਲੀ ਜ਼ਹਿਰੀਲਾ ਕਰੇਗਾ। ਸੰਤ ਪੌਲੁਸ ਨੇ ਹੁਕਮ ਦਿੱਤਾ, 'ਉਨ੍ਹਾਂ ਤੋਂ ਦੂਰ ਰਹੋ ਜੋ ਤੁਹਾਨੂੰ ਸਾਡੇ ਵੱਲੋਂ ਮਿਲੀ ਪਰੰਪਰਾ ਦੇ ਅਨੁਸਾਰ ਨਹੀਂ ਚੱਲਦੇ।' (2 ਥੱਸਲੁਨੀਕੀਆਂ 3:6)। ਧੋਖਾ ਨਾ ਖਾਓ: 'ਬੁਰੀ ਸੰਗਤ ਚੰਗੇ ਚਾਲ-ਚਲਣ ਨੂੰ ਵਿਗਾੜ ਦਿੰਦੀ ਹੈ' (1 ਕੁਰਿੰਥੀਆਂ 15:33)।

ਮਸੀਹ ਵਿੱਚ ਮੇਰੇ ਪਿਆਰੇ ਬੱਚਿਓ, ਜਿਵੇਂ ਕਿ ਅਸੀਂ ਰੂਪਾਂਤਰਨ ਦਾ ਇਹ ਤਿਉਹਾਰ ਮਨਾਉਂਦੇ ਹਾਂ, ਅਸੀਂ ਇਹ ਕਦੇ ਨਹੀਂ ਭੁੱਲ ਸਕਦੇ ਹਾਂ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸਦੇ ਪੁੱਤਰ, ਯਿਸੂ ਮਸੀਹ, ਉਸਦੇ ਈਸ਼ਵਰੀ ਸੁਭਾਅ ਦੇ ਭਾਗੀਦਾਰਾਂ ਦੇ ਰੂਪ ਵਿੱਚ ਬਦਲੀਏ (2 ਪਤਰਸ 1:4)।

ਆਓ ਅਸੀਂ ਭਾਰਤ ਵਿੱਚ ਮਨੀਪੁਰ ਰਾਜ ਲਈ ਪ੍ਰਾਰਥਨਾ ਕਰਨਾ ਜਾਰੀ ਰੱਖੀਏ—ਸ਼ਾਂਤੀ ਕਾਇਮ ਰਹੇ ਅਤੇ ਸਾਡੇ ਭੈਣਾਂ—ਭਰਾ ਦਲੇਰ, ਹਿੰਮਤੀ, ਅਤੇ ਮਸੀਹ ਵਰਗੇ ਬਣਨ, ਭਾਵੇਂ ਕਿ ਉਹ ਮੁਸ਼ਕਲ ਸਮੇਂ ਵਿੱਚੋਂ ਲੰਘ ਰਹੇ ਹਨ।

ਨਾਲ ਹੀ, ਸਾਡੇ ਨੌਜਵਾਨ ਭਰਾਵਾਂ ਲਈ ਪ੍ਰਾਰਥਨਾ ਕਰਨਾ ਜਾਰੀ ਰੱਖੋ ਜਿਨ੍ਹਾਂ ਨੇ ਸਾਡੀਆਂ ਸੈਮੀਨਰੀਆਂ ਵਿੱਚ ਸਿਖਲਾਈ ਪ੍ਰਾਪਤ ਕਰਕੇ, ਅਤੇ ਭੈਣਾਂ ਲਈ ਜਿੰਨ੍ਹਾਂ ਨੇ ਸਿਸਟਰਜ਼ ਆਫ ਕੰਮਪੈਸ਼ਨ ਵਜੋਂ ਪਵਿੱਤਰ ਚਰਚ ਦੀ ਸੇਵਾ ਕਰਨ ਲਈ ਫ਼ੈਸਲਾ ਲਿਆ ਹੈ।

ਪਵਿੱਤਰ ਚਰਚ ਦੀ ਸੇਵਾ ਵਿੱਚ,ਮਸੀਹ

ਵਿੱਚ ਤੁਹਾਡਾ ਪਿਤਾ,

**ਮਿਤੀ:** 25 ਜੁਲਾਈ 2023
**ਸਥਾਨ:**ਪਵਿੱਤਰ ਸਿਨੋਡ



ਐਥਨੇਸ਼ੀਅਸ ਯੋਹਾਨ । ਮੈਟਰੋਪੋਲੀਟਨ